# Global Storybooks

globalstorybooks.net

## ਖਲਾਈ ਪੌਦਿਆਂ ਨਾਲ ਗੱਲਬਾਤ ਕਰਦੀ ਹੈ

Ursula Nafula
Jesse Pietersen
Anu Gill

This work is licensed under a Creative Commons Attribution 4.0 International License.
https://creativecommons.org/licenses/by/4.0

# ਖਲਾਈ ਪੌਦਿਆਂ ਨਾਲ ਗੱਲਬਾਤ ਕਰਦੀ ਹੈ



Ursula Nafula
Jesse Pietersen
Anu Gill

2

ਪੰਜਾਬੀ pa



ਇਹ ਖਲਾਈ ਹੈ। ਉਹ ਸੱਤ ਸਾਲ ਦੀ ਹੈ। ਉਸਦੀ ਭਾਸ਼ਾ, ਲੂਬੁਕੂਸੂ ਵਿੱਚ, ਉਸਦੇ ਨਾਮ ਦਾ ਮਤਲਬ 'ਚੰਗਾ' ਹੈ।



ਖਲਾਈ ਜਾਗ ਕੇ ਸੰਤਰੇ ਦੇ ਰੁੱਖ ਨਾਲ ਗੱਲਬਾਤ ਕਰਦੀ ਹੈ। “ਸੰਤਰੇ ਦੇ ਰੁੱਖ, ਕਿਰਪਾ ਕਰਕੇ ਵੱਡੇ ਹੋ ਕੇ ਸਾਨੂੰ ਬਹੁਤ ਸਾਰੇ ਪੱਕੇ ਸੰਤਰੇ ਦਿਓ।”



ਖਲਾਈ ਸਕੂਲ ਨੂੰ ਚੱਲ ਕੇ ਜਾਂਦੀ ਹੈ। ਰਾਹ ਵਿੱਚ, ਉਹ ਘਾਹ ਨਾਲ ਗੱਲਬਾਤ ਕਰਦੀ ਹੈ। “ਘਾਹ, ਕਿਰਪਾ ਕਰਕੇ ਤੁਸੀਂ ਹੋਰ ਹਰਿਆਲੀ ਪਾਉਂ ਅਤੇ ਸੁੱਕ ਨਾ ਜਾਇਓ।”





“ਸੰਤਰੇ ਅਜੇ ਵੀ ਹਰੇ ਹਨ,” ਖਲਾਈ ਨੇ ਹਉਕਾ ਲਿਆ। “ਮੈਂ ਤੁਹਾਨੂੰ ਕੱਲ੍ਹ ਨੂੰ ਵੇਖਾਂਗੀ, ਸੰਤਰੇ ਦੇ ਰੁੱਖ,” ਖਲਾਈ ਕਹਿੰਦੀ ਹੈ। “ਸ਼ਾਇਦ ਫਿਰ ਤੁਹਾਡੇ ਕੋਲ ਮੇਰੇ ਲਈ ਪੱਕਾ ਸੰਤਰਾ ਹੋਵੇਗਾ!”



ਖਲਾਈ ਸਕੂਲ ਤੋਂ ਵਾਪਸ ਆਕੇ, ਸੰਤਰੇ ਦੇ ਰੁੱਖ ਨੂੰ ਮਿਲਦੀ ਹੈ। “ਕੀ ਤੁਹਾਡੇ ਸੰਤਰੇ ਹੁਣ ਪੱਕੇ ਹਨ?” ਖਲਾਈ ਪੁੱਛਦੀ ਹੈ।





ਖਲਾਈ ਜੰਗਲੀ ਫੁੱਲਾਂ ਕੋਲ ਲੰਘਦੀ ਹੈ। “ਫੁੱਲ, ਕਿਰਪਾ ਕਰਕੇ ਤੁਸੀਂ ਖਿੜੇ ਰਹੋ ਤਾਂ ਕੇ ਮੈਂ ਤੁਹਾਨੂੰ ਆਪਣੇ ਵਾਲਾਂ ਵਿੱਚ ਸਜਾ ਸਕਾਂ।”



ਸਕੂਲ ਵਿੱਚ, ਖਲਾਈ ਆਂਗਣ ਦੇ ਵਿਚਕਾਰ ਰੁੱਖ ਨਾਲ ਗੱਲਬਾਤ ਕਰਦੀ ਹੈ। "ਰੁੱਖ, ਕਿਰਪਾ ਕਰਕੇ ਵੱਡੀਆਂ ਟਾਹਣੀਆਂ ਉਗਾਓ ਤਾਂ ਕੇ ਅਸੀਂ ਤੁਹਾਡੀ ਛਾਂ ਵਿੱਚ ਪੜ੍ਹ ਸਕੀਏ।"





ਖਲਾਈ ਸਕੂਲ ਦੇ ਆਲੇ ਦੁਆਲੇ ਝਾੜੀਆਂ ਦੀ ਵਾੜ ਨਾਲ ਗੱਲਬਾਤ ਕਰਦੀ ਹੈ। "ਕਿਰਪਾ ਕਰਕੇ ਮਜ਼ਬੂਤ ਬਣੋ ਅਤੇ ਬੁਰੇ ਲੋਕਾਂ ਨੂੰ ਅੰਦਰ ਆਉਣ ਤੋਂ ਰੋਕੋ।"